ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਬਠਿੰਡਾ

ਵੱਲ,

ਸਮੂਹ ਸਕੂਲ ਮੁਖੀ,
ਸਸਸਸ/ਸਹਸ/ਸਮਿਸ,
ਜਿਲ੍ਹਾ ਬਠਿੰਡਾ।

ਪੱਤਰ ਨੰ: ਡੀ ਐਸ ਐਸ ( ) 2017/ਈਕੋ/ਸਪੈਸ਼ਲ
ਮਿਤੀ: 10-01-2017

ਵਿਸ਼ਾ: ਰਾਸ਼ਟਰੀ ਯੁਵਕ ਦਿਵਸ ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 12-01-2017 ਨੂੰ ਰਾਸ਼ਟਰੀ ਯੁਵਕ ਦਿਵਸ ਹਰ ਸਕੂਲ ਵਿਚ ਮਨਾਇਆ ਜਾਣਾ ਹੈ। ਇਸ ਲਈ ਪ੍ਰਾਰਥਨਾ ਸਮੇ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣ।

1. ਵਿਦਿਆਰਥੀਆਂ ਨੂੰ ਡਿਜੀਟਲ ਪੇਮੈਂਟ ਲਈ ਸਿੱਖਿਅਤ ਕੀਤਾ ਜਾਵੇ।
2. ਡਿਜੀਟਲ ਪੇਮੈਂਟ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਜਾਵੇ।
3. ਵਿਦਿਆਰਥੀਆਂ ਨੂੰ ਡਿਜੀਟਲ ਪੇਮੈਂਟ ਦੀ ਵਿਧੀ ਸਿੱਖ ਕੇ ਅੱਗੇ ਹੋਰਾਂ ਨੂੰ ਡਿਜੀਟਲ ਪੇਮੈਂਟ ਕਰਨ ਲਈ ਸਿੱਖਿਅਤ ਕੀਤਾ ਜਾਵੇ।
4. ਵਿਦਿਆਰਥੀਆਂ ਨੂੰ ਪ੍ਰੇਰਿਆ ਜਾਵੇ ਕਿ ਉਹ ਵੱਧ ਤੋ ਵੱਧ ਡਿਜੀਟਲ ਪੇਮੈਂਟ ਰਾਹੀ ਹੀ ਲੈਣ ਦੇਣ ਕਰਨ।
5. ਇਹਨਾਂ ਨਾਲ ਸਬੰਧਤ ਕਵਿਤਾਵਾਂ/ਲੇਖ ਜਾਂ ਚਾਰਟ ਮੇਕਿੰਗ ਆਦਿ ਦੇ ਮੁਕਾਬਲੇ ਕਰਵਾਏ ਜਾਣ ਤਾਂ ਜੋ ਵਿਦਿਆਰਥੀਆਂ ਨੂੰ ਡਿਜੀਟਲ ਪੇਮੈਂਟ ਲਈ ਜਾਗਰੂਕ ਕੀਤਾ ਜਾ ਸਕੇ। ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਈਕੋ ਕਲੱਬ ਦੇ ਫੰਡ ਵਿਚੋ ਸਨਮਾਨ ਚਿੰਨਾਂ ਰਾਹੀ ਸਨਮਾਨਿਤ ਕੀਤਾ ਜਾਵੇ।

ਜਿਲ੍ਹਾ ਸਾਇੰਸ ਸੁਪਰਵਾਈਜਰ,
ਬਠਿੰਡਾ